**ਡਾਇਰੈਕਟਰ ਜਨਰਲ ਸਕੂਲ ਸਿੱਖਿਆਂ ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆਂ ਅਭਿਆਨ ਅਥਾਰਟੀ,ਪੰਜਾਬ,**
ਪ.ਸ.ਸ.ਬ.ਕੰਪਲੈਕਸ,ਈ-ਬਲਾਕ,ਪੰਜਵੀਂ ਮੰਜ਼ਿਲ ਫੇਜ਼-8 ਮੋਹਾਲੀ।

---

ਵੱਲ

1. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.),ਪੰਜਾਬ ਮੋਹਾਲੀ।
2. ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ.) ,ਪੰਜਾਬ ਮੋਹਾਲੀ।
3. ਡਾਇਰੈਕਟਰ ਸਿੱਖਿਆ ਵਿਭਾਗ(ਕਾਲਜ),ਪੰਜਾਬ ਮੋਹਾਲੀ।
4. ਡਾਇਰੈਕਟਰ,ਐਸ.ਸੀ.ਈ.ਆਰ.ਟੀ.,ਪੰਜਾਬ ਮੋਹਾਲੀ।
5. ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ,ਮੋਹਾਲੀ।
6. ਉਪਰੋਕਤ ਸਿੱਖਿਆ 2,3,4,5,6,7 [illegible]

ਮੀਮੋ ਨੰ:-2/126-2013/SSA/Legal/ 16929-33
ਮਿਤੀ: ਅਜੀਤਗੜ 15-10-2013

**ਵਿਸ਼ਾ :-** **ਵੱਖ-ਵੱਖ ਅਦਾਲਤਾ ਵਿੱਚ ਪੈਡਿੰਗ ਕੋਰਟ ਕੇਸਾ ਦੇ ਨਿਪਟਾਰੇ ਲਈ ਮਿਤੀ 23-11-2013 ਨੂੰ ਲਗਾਈ ਜਾਣ ਵਾਲੀ ਲੋਕ ਅਦਾਲਤ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿਚ ਪਹਿਲਾ ਹੀ ਲਿਆਦਾ ਜਾ ਚੁੱਕਾ ਹੈ, ਕਿ ਮਿਤੀ 23-11-2013 ਨੂੰ ਸਿੱਖਿਆ ਵਿਭਾਗ ਤੇ ਹੋਰ ਵਿਭਾਗਾਂ ਦੇ ਮਾਨਯੋਗ ਹਾਈ ਕੋਰਟ ਵਿੱਖੇ ਪੈਡਿੰਗ ਕੋਰਟ ਕੇਸਾ ਜਿਹਨਾਂ ਵਿਚ ਪਟੀਸ਼ਨਰਾ ਤੇ ਵਿਭਾਗਾ ਦੀ ਸਹਿਮਤੀ ਨਾਲ ਫੈਸਲਾ ਹੋ ਸਕਦਾ ਹੈ,ਦੇ ਸਬੰਧ ਵਿਚ ਲੋਕ ਅਦਾਲਤ ਲਗਾਈ ਜਾ ਰਹੀ ਹੈ।

**2.0** ਆਪ ਜੀ ਨੂੰ ਬੇਨਤੀ ਕੀਤੀ ਜਾਦੀ ਹੈ, ਕਿ ਨਾਲ ਨੱਥੀ ਫਾਰਮੈਟ (ਅਨੁਲੱਗ 'ੳ') ਦੇ ਅਨੁਸਾਰ ਅਜਿਹੇ ਕੇਸ ਜਿਹਨਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਹੋ ਸਕਦਾ ਹੈ,ਸਬੰਧਤ ਪਾਰਟੀਆਂ ਨੂੰ ਲੋਕ ਅਦਾਲਤ ਵਿੱਚ ਨਿਸ਼ਚਿਤ ਮਿਤੀ ਤੇ ਅਦਾਲਤ ਵਿੱਖੇ ਹਾਜ਼ਰ ਹੋਣ ਸਬੰਧੀ ਸੂਚਿਤ ਕੀਤਾ ਜਾਵੇ। ਇਹ ਲਿਸਟਾਂ ਇਸ ਦਫਤਰ ਵਿਖੇ ਮਿਤੀ 30-10-2013 ਤੱਕ ਭੇਜੀਆ ਜਾਣ, ਤਾ ਜੋ ਇਹ ਸਾਰੇ ਕੋਰਟ ਕੇਸ ਸਮੇ ਸਿਰ ਮਾਨਯੋਗ ਲੋਕ ਅਦਾਲਤ ਵਿਖੇ ਲਗਾਉਣ ਹਿੱਤ ਭੇਜੇ ਜਾ ਸਕਣ। ਕੇਵਲ ਉਹਨਾ ਕੇਸਾ ਦੀ ਲਿਸਟ ਭੇਜੀ ਜਾਵੇ, ਜੋ ਆਪਸੀ ਸਹਿਮਤੀ ਨਾਲ ਸੈਟਲ ਹੋਣ ਦੀ ਸੰਭਾਵਨਾ ਰੱਖਦੇ ਹੋਣ।

3.0 ਅਜਿਹੇ ਕੋਰਟ ਕੇਸਾ ਦੀਆਂ ਫਾਇਲਾ ਮਿਤੀ 23-11-2013 ਲਈ ਤਿਆਰ ਕਰ ਲਈਆ ਜਾਣ ਅਤੇ ਇਸ ਸਬੰਧੀ ਤੁਰੰਤ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ।

**ਨੱਥੀ:-ਉਪਰੋਕਤ ਅਨੁਸਾਰ**

**ਨੋਡਲ ਅਫਸਰ ਲੋਕ ਅਦਾਲਤ**
**-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ: 2/126-2013/SSA/Legal/ 16934 Dt 15-10-2013
ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
1.0 ਰਜਿਸਟਰਾਰ ਜਨਰਲ,ਪੰਜਾਬ ਐਡ ਹਰਿਆਣਾ ਹਾਈ ਕੋਰਟ

Sd/-

**ਨੋਡਲ ਅਫਸਰ ਲੋਕ ਅਦਾਲਤ**
**-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ।**

# ਪਬਲਿਕ ਨੋਟਿਸ

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖਿਆ ਵਿਭਾਗ ਦੇ ਨਾਲ ਸਬੰਧਤ ਪੰਜਾਬ ਐਡ ਹਰਿਆਣਾ ਹਾਈ ਕੋਰਟ ਵਿਖੇ ਚੱਲ ਰਹੇ ਕੋਰਟ ਕੇਸਾ ਸਬੰਧੀ ਮਿਤੀ 23-11-2013 ਨੂੰ ਲੋਕ ਅਦਾਲਤ ਲਗਾਈ ਜਾ ਰਹੀ ਹੈ। ਅਜਿਹੇ ਸਮੂਹ ਪਟੀਸ਼ਨਰਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਕਲੇਮ ਲੋਕ ਅਦਾਲਤ ਰਾਹੀ ਸੈਟਲ ਕਰਨਾ ਚਾਹੁੰਦੇ ਹਨ, ਤਾ ਸਿੱਖਿਆ ਵਿਭਾਗ ਵਿੱਚ ਸਬੰਧਤ ਬ੍ਰਾਂਚ/Appointing Authority ਨਾਲ ਮਿਤੀ 26-10-2013 ਤੱਕ ਸੰਪਰਕ ਕਰਨ। ਉਪਰੰਤ ਇਹ ਕੋਰਟ ਕੇਸ ਲੋਕ ਅਦਾਲ਼ਤ ਨੂੰ 23-11-2013 ਲਈ ਰੈਫਰ ਕੀਤੇ ਜਾਣੇ ਹਨ।

ਨੋਡਲ ਅਫਸਰ ਲੋਕ ਅਦਾਲਤ
-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਅਨੁਲੱਗ "ੳ"

| Sr. No. | Case title & Petition No. | Cause of action/Claim | Nature of Case (CWP,COCP,Rev, LPA etc.) | Next date |
|---|---|---|---|---|
| | | | | |
| | | | | |
| | | | | |